# ਅੰਤਿਕਾ 1

| **ਪਰਕਾਸ਼ ਦੀ ਪੋਥੀ ਵਿੱਚ ਸੱਤ ਮੁਬਾਰਕਬਾਦੀਆਂ** |
|---|
| 1. *"ਧੰਨ ਉਹ ਜਿਹੜਾ ਇਸ ਅਗੰਮ ਵਾਕ ਦੀਆਂ ਬਾਣੀਆਂ ਨੂੰ ਪੜ੍ਹਦਾ ਹੈ, ਨਾਲੇ ਓਹ ਜਿਹੜੇ ਸੁਣਦੇ ਹਨ ਅਤੇ ਜੋ ਕੁਝ ਇਹ ਦੇ ਵਿੱਚ ਲਿਖਿਆ ਹੋਇਆ ਹੈ ਉਹ ਦੀ ਪਾਲਣਾ ਕਰਦੇ ਹਨ,* ਕਿਉਂ ਜੋ ਸਮਾਂ ਨੇੜੇ ਹੈ" (1:3)। <br><br> 2. *"ਧੰਨ ਓਹ ਮੁਰਦੇ ਜਿਹੜੇ ਏਦੋਂ ਅੱਗੇ ਪ੍ਰਭੂ ਵਿੱਚ ਹੋ ਕੇ ਮਰਨ!"* (14:13)। <br><br> 3. *"ਧੰਨ ਓਹ ਜਿਹੜਾ ਜਾਗਦਾ ਰਹਿੰਦਾ ਅਤੇ ਆਪਣੇ ਬਸਤਰ ਦੀ ਚੌਕਸੀ ਕਰਦਾ ਹੈ* ਭਈ ਉਹ ਨੰਗਾ ਨਾ ਫਿਰੇ ਅਤੇ ਲੋਕ ਉਹ ਦੀ ਸ਼ਰਮ ਨਾ ਵੇਖਣ" (16:15)। <br><br> 4. *"ਧੰਨ ਓਹ ਜਿਹੜੇ ਲੇਲੇ ਦੇ ਵਿਆਹ ਦੀ ਦਾਉਤ ਵਿੱਚ ਸੱਦੇ ਹੋਏ ਹਨ"* (19:9)। <br><br> 5. *"ਧੰਨ ਅਤੇ ਪਵਿੱਤਰ ਉਹ ਜਿਹੜਾ ਪਹਿਲੀ ਕਿਆਮਤ ਵਿੱਚ ਸ਼ਾਮਿਲ ਹੈ!* ਏਹਨਾਂ ਉੱਤੇ ਦੂਈ ਮੌਤ ਦਾ ਕੁਝ ਵੱਸ ਨਹੀਂ ਸਗੋਂ ਓਹ ਪਰਮੇਸ਼ੁਰ ਅਤੇ ਮਸੀਹ ਦੇ ਜਾਜਕ ਹੋਣਗੇ ਅਤੇ ਉਹ ਦੇ ਨਾਲ ਹਜ਼ਾਰ ਵਰ੍ਹੇ ਰਾਜ ਕਰਨਗੇ" (20:6)। <br><br> 6. "ਵੇਖ, ਮੈਂ ਛੇਤੀ ਆਉਂਦਾ ਹਾਂ! *ਧੰਨ ਉਹ ਜਿਹੜਾ ਇਸ ਪੋਥੀ ਦੇ ਅਗੰਮ ਵਾਕ ਦੀਆਂ ਗੱਲਾਂ ਦੀ ਪਾਲਨਾ ਕਰਦਾ ਹੈ"* (22:7)। <br><br> 7. *"ਧੰਨ ਓਹ ਜਿਹੜੇ ਆਪਣੇ ਬਸਤ੍ਰ ਧੋ ਲੈਂਦੇ ਹਨ* ਭਈ ਓਹਨਾਂ ਨੂੰ ਜੀਵਨ ਦੇ ਬਿਰਛ ਦੇ ਉੱਤੇ ਹੱਕ ਹੋਵੇ ਅਤੇ ਓਹ ਦਰਵੱਜਿਆਂ ਥਾਣੀਂ ਓਸ ਨਗਰੀ ਦੇ ਅੰਦਰ ਜਾਣ" (22:14)। |

## ਪਰਕਾਸ਼ ਦੀ ਪੋਥੀ ਵਿੱਚ ਮਸੀਹ

ਸੱਚਾ ਗਵਾਹ (1:5)
ਮੁਰਦਿਆਂ ਵਿੱਚੋਂ ਜੇਠਾ (1:5)
ਧਰਤੀ ਦੇ ਰਾਜਿਆਂ ਦਾ ਹਾਕਮ (1:5)
ਮਨੁੱਖ ਦੇ ਪੁੱਤ੍ਰ ਦੀ ਨਿਆਈਂ (1:13; 14:14)
ਪਹਿਲਾ ਅਤੇ ਪਿਛਲਾ (1:17; 2:8; 22:13)
ਜੀਉਂਦਾ (1:18)
ਜਿਹ ਨੇ ਆਪਣੇ ਹੱਥ ਵਿੱਚ ਸੱਤ ਤਾਰੇ ਫੜੇ ਹੋਏ ਹਨ (2:1)
ਜਿਹੜਾ ਸੱਤਾਂ ਸੋਨੇ ਦੇ ਸ਼ਮਾਦਾਨਾਂ ਦੇ ਵਿਚਾਲੇ ਫਿਰਦਾ ਹੈ (2:1)
ਜਿਹ ਦੇ ਕੋਲ ਦੁਧਾਰੀ ਤਿੱਖੀ ਤਲਵਾਰ ਹੈ (2:12)
ਪਰਮੇਸ਼ੁਰ ਦਾ ਪੁੱਤ੍ਰ (2:18)
ਜੋ ਗੁਰਦਿਆਂ ਅਤੇ ਹਿਰਦਿਆਂ ਦਾ ਜਾਚਣ ਵਾਲਾ ਹੈ (2:23)
ਜਿਹ ਦੇ ਕੋਲ ਸੱਤ ਆਤਮੇ ਪਰਮੇਸ਼ੁਰ ਦੇ ਅਤੇ ਸੱਤ ਤਾਰੇ ਹਨ (3:1)
ਜਿਹੜਾ ਪਵਿੱਤਰ ਹੈ (3:7)
ਜਿਹੜਾ ਸਤ ਹੈ (3:7)
ਜਿਹ ਦੇ ਕੋਲ ਦਾਊਦ ਦੀ ਕੁੰਜੀ ਹੈ (3:7)
ਜਿਹੜਾ ਆਮੀਨ ਹੈ (3:14)
ਜਿਹੜਾ ਵਫ਼ਾਦਾਰ ਅਤੇ ਸੱਚਾ ਗਵਾਹ (3:14)
ਜਿਹੜਾ ਪਰਮੇਸ਼ੁਰ ਦੀ ਸਰਿਸ਼ਟ ਦਾ ਮੁੱਢ ਹੈ (3:14)
ਉਹ ਬਾਬਰ ਸ਼ੇਰ ਜਿਹੜਾ ਯਹੂਦਾਹ ਦੇ ਗੋਤ ਵਿੱਚੋਂ ਹੈ (5:5)
ਦਾਊਦ ਦੀ ਜੜ੍ਹ (5:5; 22:16)
ਲੇਲਾ ਜਿਹੜਾ ਕੋਹਿਆ ਗਿਆ ਸੀ (5:12)
ਅਯਾਲੀ (7:17)
ਇੱਕ ਪੁੱਤ੍ਰ ਇੱਕ ਨਰ ਬਾਲ (12:5)
ਵਫ਼ਾਦਾਰ ਅਤੇ ਸੱਚਾ (19:11)
ਪਰਮੇਸ਼ੁਰ ਦਾ ਸ਼ਬਦ (19:13)
ਰਾਜਿਆਂ ਦਾ ਰਾਜਾ ਅਤੇ ਪ੍ਰਭੂਆਂ ਦਾ ਪ੍ਰਭੂ (19:16; 17:14)
ਅਲਫਾ ਅਤੇ ਓਮੇਗਾ (21:6; 22:13)
ਆਦ ਅਤੇ ਅੰਤ (21:6; 22:13)
ਸਵੇਰ ਦਾ ਉੱਜਲ ਤਾਰਾ (22:16)




100 ਈਸਵੀ ਦੇ ਲਗਭਗ ਰੋਮੀ ਸਾਮਰਾਜ